ਅਤਿ ਜਰੂਰੀ

ਪੰਜਾਬ ਸਰਕਾਰ
ਮਾਲ ਅਤੇ ਪੁਨਰਵਾਸ ਵਿਭਾਗ
(ਮਾਲ ਅਮਲਾ-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।

ਮੀਮੋ ਨੰ: 19/39/2012/ਮਅ-1(4) 11488-11509
ਚੰਡੀਗੜ੍ਹ, ਮਿਤੀ: 25/9/012

ਵਿਸ਼ਾ: ਰਜਿਸਟਰਡ ਕੀਤੇ ਵਿਆਹਾਂ ਸਬੰਧੀ ਰੈਗੂਲਰ ਤੌਰ ਤੇ ਸੂਚਨਾਂ ਭੇਜਣ ਬਾਰੇ।

---

ਉਪ੍ਰੋਕਤ ਵਿਸ਼ੇ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਰਾਜ ਵਿੱਚ ਤਹਿਸੀਲਦਾਰਾਂ ਵਲੋਂ ਹਿੰਦੂ ਮੈਰਿਜ ਐਕਟ, 1955 ਤਹਿਤ ਬਣਾਏ ਗਏ ਹਿੰਦੂ ਮੈਰਿਜ (ਪੰਜਾਬ) ਰਜਿਸਟ੍ਰੇਸ਼ਨ ਰੂਲਜ਼, 1960 ਦੇ ਉਪਬੰਧ 4 ਮੁਤਾਬਿਕ ਬਤੌਰ ਰਜਿਸਟਰਾਰ ਮੈਰੇਜਿਜ਼ ਵਿਆਹ ਰਜਿਸਟਰਡ ਕੀਤੇ ਜਾਂਦੇ ਹਨ। ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਮੈਰਿਜਜ਼ ਰਜਿਸਟਰ ਕਰਵਾਉਣ ਸਮੇਂ ਕਈ ਵਾਰ ਧਿਰਾਂ ਨੂੰ ਖਾਸ ਕਰਕੇ ਐਨ.ਆਰ.ਆਈਜ਼ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾਂ ਕਰਨਾ ਪੈਂਦਾ ਹੈ। ਇਸ ਲਈ ਇਸ ਕਾਰਜ ਵਿੱਚ ਪਾਰਦਰਸ਼ਤਾ ਲਿਆਉਣ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਅੱਗੇ ਤੋਂ ਸਮੂਹ ਰਜਿਸਟਰਾਰ ਮੈਰਿਜਿਜ਼ ਸਬੰਧਤ ਧਿਰਾਂ ਤੋ ਐਪਲੀਕੇਸ਼ਨ ਫਾਰਮ ਵਿੱਚ ਹੀ ਉਨ੍ਹਾਂ ਦੇ ਮੋਬਾਈਲ/ਲੈਂਡ ਲਾਈਨ ਨੰਬਰ ਪ੍ਰਾਪਤ ਕਰਨਗੇ ਤਾਂ ਜੋ ਵਿਆਹ ਰਜਿਸਟਰਡ ਕਰਵਾਉਣ ਵਾਲੀਆਂ ਧਿਰਾਂ ਤੋਂ ਉਨਾਂ ਨੂੰ ਹੋਈ ਹਰਾਸਮੈਂਟ ਬਾਰੇ ਚੈਕ ਕੀਤਾ ਜਾ ਸਕੇ।

2. ਡਿਪਟੀ ਕਮਿਸ਼ਨਰਜ਼ ਮਿਤੀ 1-1-12 ਤੋਂ 31-08-12 ਤੱਕ ਰਜਿਸਟਰਡ ਕੀਤੀਆਂ ਕੁੱਲ ਸ਼ਾਦੀਆਂ ਦੀ ਤਹਿਸੀਲਵਾਰ ਸੂਚਨਾਂ ਤਿਆਰ ਕਰਕੇ ਮਿਤੀ 30-09-12 ਤੱਕ ਭੇਜਣਗੇ ਅਤੇ ਅੱਗੇ ਤੋਂ ਹਰ ਮਹੀਨੇ ਦੀ 20 ਤਾਰੀਖ ਤੱਕ ਪਹਿਲੇ ਪੰਦਰਵਾੜੇ ਦੀ ਅਤੇ ਹਰ ਮਹੀਨੇ ਦੀ 5 ਤਾਰੀਖ ਤੱਕ ਦੂਸਰੇ ਪੰਦਰਵਾੜੇ ਦੀ ਸੂਚਨਾ ਹੇਠ ਲਿਖੇ ਪ੍ਰੋਫਾਰਮੇ ਵਿੱਚ ਤਿਆਰ ਕਰਕੇ ਭੇਜੀ ਜਾਣੀ ਯਕੀਨੀ ਬਣਾਉਣਗੇ:-

ਹਿੰਦੂ ਮੈਰਿਜ (ਪੰਜਾਬ) ਰਜਿਸਟ੍ਰੇਸ਼ਨ ਰੂਲਜ਼, 1960 ਦੇ ਤਹਿਤ ਸੂਚਨਾਂ ਬਾਬਤ ਪੀਰੀਅਡ
ਪਹਿਲਾ/ਦੂਜਾ ਪੰਦਰਵਾੜਾ, ......................., 2012

| ਲੜੀ ਨੰ: | ਮੈਰਿਜ ਰਜਿਸਟ੍ਰੇਸ਼ਨ ਨੰ: | ਪਤੀ ਦਾ ਨਾਂ ਅਤੇ ਰਿਹਾਇਸ਼ੀ ਪਤਾ | ਟੈਲੀਫੂਨ ਨੰਬਰ | ਪਤਨੀ ਦਾ ਨਾਂ | ਟੈਲੀਫੂਲ ਨੰਬਰ | ਰਿਮਾਰਕਸ |
|---|---|---|---|---|---|---|
| | | | | | | |

ਡਿਪਟੀ ਕਮਿਸ਼ਨਰ ਦਫਤਰ ਪਾਸ ਕਿਸੇ ਵੀ ਤਹਿਸੀਲਦਾਰ ਵਲੋਂ ਇਹ ਸੂਚਨਾਂ ਸਮੇਂ ਸਿਰ ਤਿਆਰ ਕਰਕੇ ਨਾ ਭੇਜਣ ਤੇ ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

ਵਧੀਕ ਸਕੱਤਰ, ਮਾਲ
ਪੰਜਾਬ ਸਰਕਾਰ।

11510-90

ਪਿੱਠ ਅੰਕਣ ਨੰ: 19/39/2012/ਮਅ-1(4) ਚੰਡੀਗੜ੍ਹ,ਮਿਤੀ 25/9/012

ਇਸ ਦਾ ਇੱਕ ਉਤਾਰਾ ਸਮੂਹ ਤਹਿਸੀਲਦਾਰ ਪੰਜਾਬ ਰਾਜ ਨੂੰ ਸੂਚਨਾਂ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ, ਮਾਲ
ਪੰਜਾਬ ਸਰਕਾਰ।